**ਪੰਜਾਬ ਸਕੂਲ ਸਿੱਖਿਆ ਬੋਰਡ**

ਵੱਲ,

ਸਮੂਹ ਕੇਂਦਰ ਸੁਪਰਡੈਂਟ ਸਾਹਿਬਾਨ,
ਪੰਜਾਬ ।

**ਨੰ.ਪਸਸਬ-ਪ੍ਰੀਖਿਆ ਬਾਰਵ੍ਹੀਂ-2026/ਲ.ਸ/ਸੁ-05/E-150039** **ਮਿਤੀ: / /2026**

**ਵਿਸ਼ਾ- ਬਾਰ੍ਹਵੀਂ ਪ੍ਰੀਖਿਆ ਫਰਵਰੀ / ਮਾਰਚ -2026 (ਸਲਾਨਾ ) ਦੌਰਾਨ ਪ੍ਰੀਖਿਆਰਥੀਆਂ ਦੇ ਲਿਖਤੀ ਅਤੇ ਪ੍ਰਯੋਗੀ ਪ੍ਰੀਖਿਆ ਦੇ ਹਸਤਾਖਰ ਚਾਰਟਾਂ ਲਈ ਲੋੜੀਂਦੀ ਕਾਰਵਾਈ ਕਰਨ ਸਬੰਧੀ।**

ਸ੍ਰੀ ਮਾਨ/ਸ੍ਰੀ ਮਤੀ ਜੀ,

ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਅਕਾਦਮਿਕ ਸਾਲ ਫਰਵਰੀ / ਮਾਰਚ-2025-26 ਬਾਰ੍ਹਵੀਂ ਸ੍ਰੇਣੀ (ਸਲਾਨਾ) ਦੀਆਂ ਪ੍ਰਯੋਗੀ ਪ੍ਰੀਖਿਆਵਾਂ ਮਿਤੀ:02/02/2026 ਅਤੇ ਲਿਖਤੀ ਪ੍ਰੀਖਿਆਵਾਂ ਮਿਤੀ:17/02/2026 ਤੋਂ ਆਰੰਭ ਹੋ ਰਹੀਆਂ ਹਨ, ਪ੍ਰੀਖਿਆਵਾਂ ਸਮਾਪਤ ਹੋਣ ਉਪਰੰਤ ਹਸਤਾਖਰ ਚਾਰਟ ਭੇਜਣ ਦੇ ਮੰਤਵ ਲਈ ਦਫਤਰ ਵੱਲੋਂ ਭੇਜੇ ਗਏ ਲਿਫਾਫੇ ਤੇ ਪ੍ਰੀਖਿਆ ਕੇਂਦਰ ਦਾ ਨਾਂ, ਪ੍ਰੀਖਿਆ ਦੀ ਸ਼੍ਰੇਣੀ ਅਤੇ ਜਿਲ੍ਹਾ ਦਰਜ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ ਨਗਰ (ਮੋਹਾਲੀ) ਦੇ ਨਾਂ ਤੇ ਦਫਤਰ ਵੱਲੋਂ ਸਥਾਪਿਤ ਇਕੱਤਰ ਕੇਂਦਰ/ਖੇਤਰੀ ਦਫਤਰ ਪਾਠ ਪੁਸਤਕਾਂ ਵਿਕਰੀ ਡੀਪੂ, ਵਿਖੇ ਵੱਖਰੇ ਤੌਰ ਤੇ ਜਮਾਂ ਕਰਵਾਏ ਜਾਣ। ਇਹ ਹਸਤਾਖਰ ਚਾਰਟ ਰਜਿਸਟਰਡ ਡਾਕ ਰਾਹੀਂ ਜਾਂ ਪ੍ਰੀਖਿਆ ਦੇ ਆਖਰੀ ਪੈਕਟ ਵਿੱਚ ਨਾ ਭੇਜੇ ਜਾਣ।

**ਉਕਤ ਤੋਂ ਇਲਾਵਾ ਕੇਂਦਰ ਸੁਪਰਡੈਂਟ ਸਾਹਿਬਾਨ ਹੇਠ ਅਨੁਸਾਰ ਕਾਰਵਾਈ ਕਰਨਾ ਵੀ ਯਕੀਨੀ ਬਣਾਉਣ:-**

1. ਪ੍ਰੀਖਿਆਰਥੀ ਦੀ ਉੱਤਰ ਪੱਤਰੀ ਦਾ ਨੰਬਰ ਹਸਤਾਖਰ ਚਾਰਟ ਵਿੱਚ ਵਿਸ਼ੇ ਵਾਈਜ਼ ਸਬੰਧਤ ਕਾਲਮ ਵਿੱਚ ਦਰਜ ਕਰ ਦਿੱਤਾ ਗਿਆ ਹੋਵੇ।
2. ਪ੍ਰੀਖਿਆਰਥੀ ਵੱਲੋ ਹਸਤਾਖਰ ਚਾਰਟ ਵਿੱਚ ਵਿਸ਼ੇ ਵਾਈਜ ਹਸਤਾਖਰ ਕਰ ਦਿੱਤੇ ਗਏ ਹੋਣ।
3. ਜੇਕਰ ਪ੍ਰੀਖਿਆਰਥੀ ਗੈਰ ਹਾਜਰ ਹੁੰਦਾ ਹੈ, ਤਾਂ ਸਬੰਧਤ ਕਾਲਮ ਵਿੱਚ ਲਾਲ ਪੈਨ ਨਾਲ ਗੈਰ -ਹਾਜਰ ਦਰਜ ਕਰ ਦਿੱਤਾ ਜਾਵੇ ਜਾਂ ਹਾਈਲਾਈਟ ਕਰ ਦਿੱਤਾ ਜਾਵੇ।
4. ਜੇਕਰ ਪ੍ਰੀਖਿਆਰਥੀ ਦੇ ਹਸਤਾਖਰ ਚਾਰਟ ਵਿੱਚ ਕਿਸੇ ਕਾਰਨ ਕਰਕੇ ਫੋਟੋ ਦੀ ਪਹਿਚਾਨ ਨਾ ਹੋ ਰਹੀ ਹੋਵੇ, ਅਜਿਹੀ ਸਥਿਤੀ ਵਿੱਚ ਕੇਂਦਰ ਸੁਪਰਡੈਂਟ ਆਪਣੇ ਪੱਧਰ ਤੇ ਡੇਟ ਸ਼ੀਟ ਵਿੱਚ ਦਰਸਾਏ ਸਬੰਧਤ ਜਿਲ੍ਹੇ ਨੂੰ ਡੀਲ ਕਰਨ ਵਾਲੇ ਸੁਪਰਡੈਂਟ ਦੇ ਫੋਨ ਨੰਬਰ ਰਾਹੀਂ ਮੁੱਖ ਦਫਤਰ (ਐਸ.ਏ.ਐਸ.ਨਗਰ) ਵਿਖੇ ਸੰਪਰਕ ਕਰਕੇ ਫੋਟੋ ਦਰੁਸਤ ਕਰਨ ਸਬੰਧੀ ਸੂਚਿਤ ਕਰਨਾ ਯਕੀਨੀ ਬਣਾਉਣਗੇ ।
5. ਇਸ ਪ੍ਰੀਖਿਆ ਦੇ ਹਸਤਾਖਰ ਚਾਰਟਾਂ ਦਾ ਰਿਕਾਰਡ ਫੋਟੋਕਾਪੀ ਦੇ ਰੂਪ ਵਿੱਚ ਕੇਂਦਰ ਸੁਪਰਡੈਂਟ ਆਪਣੇ ਪੱਧਰ ਤੇ ਵੀ ਰੱਖਣ, ਹਸਤਾਖਰ ਚਾਰਟ ਮੁੱਖ ਦਫਤਰ, ਐਸ.ਏ.ਐਸ.ਨਗਰ ਵਿਖੇ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਲੋੜ ਪੈਣ ਤੇ ਹਸਤਾਖਰ ਚਾਰਟ ਸਬੰਧਤ ਕੇਂਦਰ ਸੁਪਰਡੈਂਟ ਸਾਹਿਬਾਨ ਨੂੰ ਮੁੜ ਮੁੱਖ ਦਫਤਰ, ਐਸ.ਏ.ਐਸ.ਨਗਰ ਵਿਖੇ ਭੇਜਣ ਲਈ ਕਿਹਾ ਜਾ ਸਕਦਾ ਹੈ।
6. ਪ੍ਰੀਖਿਆ ਸਮਾਪਤ ਹੋਣ ਉਪਰੰਤ ਰੈਗੂਲਰ ਪ੍ਰੀਖਿਆਰਥੀਆਂ ਦੇ ਹਸਤਾਖਰ ਚਾਰਟ ਦੀ pdf ਕਾਪੀ ਸਬੰਧਤ ਸਕੂਲ ਪ੍ਰਿੰਸੀਪਲ/ਮੁੱਖ ਅਧਿਆਪਕ ਸਾਹਿਬਾਨ ਨੂੰ ਮੁਹੱਈਆ ਕਰਵਾਈ ਜਾਵੇ ।
7. ਪ੍ਰੀਖਿਆ ਵਿੱਚ ਗੈਰ-ਹਾਜ਼ਰ ਰਹੇ ਪ੍ਰੀਖਿਆਰਥੀਆਂ ਦੀ ਗੈਰ-ਹਾਜ਼ਰੀ ਬੋਰਡ ਪੋਰਟਲ Student Attendance link ਤੇ ਵੀ ਅਪਲੋਡ ਕੀਤੀ ਜਾਵੇ (Step ਨਾਲ ਨੱਥੀ) ।

**ਸੁਪਰਡੈਂਟ (ਪ੍ਰੀਖਿਆ ਬਾਰ੍ਹਵੀਂ)**

**ਪੰਜਾਬ ਸਕੂਲ ਸਿੱਖਿਆ ਬੋਰਡ**

ਵੱਲ,

ਸਮੂਹ ਮੈਨੇਜਰ,
ਖੇਤਰੀ ਦਫਤਰ ਪਾਠ ਪੁਸਤਕਾਂ ਵਿਕਰੀ ਡੀਪੂ,
ਪੰਜਾਬ।

ਪੱਤਰ ਨੰ: ਪਸਸਬ/ਲੇਟਰ ਸੈੱਟ, ਪ੍ਰੀ-ਬਾਰ੍ਹਵੀਂ/E-150039 ਮਿਤੀ: / /2026

ਵਿਸ਼ਾ: ਬਾਰ੍ਹਵੀਂ ਪ੍ਰੀਖਿਆ ਫਰਵਰੀ/ਮਾਰਚ-2026 (ਸਲਾਨਾ) ਪ੍ਰੀਖਿਆ ਦੌਰਾਨ ਪ੍ਰੀਖਿਆਰਥੀਆਂ ਦੇ ਲਿਖਤੀ / ਪ੍ਰਯੋਗੀ ਪ੍ਰੀਖਿਆ ਦੇ ਹਸਤਾਖਰ ਚਾਰਟ ਸਬੰਧੀ।

ਵਿਸ਼ੇ ਅਧੀਨ ਦੱਸਿਆ ਜਾਂਦਾ ਹੈ ਕਿ ਬਾਰ੍ਹਵੀਂ ਸ਼੍ਰੇਣੀ ਫਰਵਰੀ / ਮਾਰਚ-2026 (ਸਲਾਨਾ) ਦੀਆਂ ਪ੍ਰਯੋਗੀ ਪ੍ਰੀਖਿਆਵਾਂ ਮਿਤੀ:02/02/2026 ਅਤੇ ਲਿਖਤੀ ਪ੍ਰੀਖਿਆਵਾਂ ਮਿਤੀ:17/02/2026 ਤੋਂ ਆਰੰਭ ਹੋ ਰਹੀਆਂ ਹਨ, ਪ੍ਰੀਖਿਆਵਾਂ ਸਮਾਪਤ ਹੋਣ ਤੇ ਪ੍ਰੀਖਿਆਰਥੀਆਂ ਦੇ ਹਸਤਾਖਰ ਚਾਰਟ ਪ੍ਰੀਖਿਆ ਕੇਂਦਰਾਂ ਦੇ ਸੁਪਰਡੈਂਟ / ਨੁਮਾਇੰਦਿਆਂ ਵੱਲੋਂ ਖੇਤਰੀ ਦਫ਼ਤਰ ਪਾਠ ਪੁਸਤਕਾਂ ਵਿਕਰੀ ਡੀਪੂ, ਵਿਖੇ ਜਮ੍ਹਾਂ ਕਰਵਾਏ ਜਾਣੇ ਹਨ, ਜੋ ਕਿ ਵੱਖਰੇ ਲਿਫਾਫੇ ਦੇ ਤੌਰ ਤੇ ਪ੍ਰਾਪਤ ਕੀਤੇ ਜਾਣ। ਇਹ ਹਸਤਾਖਰ ਚਾਰਟ ਨਤੀਜਾ ਦੀ ਤਿਆਰੀ ਸਮੇਂ ਪ੍ਰੀਖਿਆਰਥੀਆਂ ਦੀ Absenty ਚੈੱਕ ਕਰਨ ਲਈ ਲੋੜੀਂਦੇ ਹੁੰਦੇ ਹਨ। .ਇਸ ਲਈ .ਇਹ ਹਸਤਾਖਰ ਚਾਰਟ ਮੁੱਖ ਦਫ਼ਤਰ ਤੋਂ ਉੱਤਰ-ਪੱਤਰੀਆਂ/ਲਾਸਟ ਪੈਕੇਟ ਲੈਣ ਆਏ ਕਰਮਚਾਰੀ ਨੂੰ ਸੌਂਪ ਦਿੱਤੇ ਜਾਣ ਜੀ।

**ਸੁਪਰਡੈਂਟ (ਲੇਟਰ ਸੈੱਟ, ਪ੍ਰੀ-ਬਾਰ੍ਹਵੀਂ)**